# ਨਿਊਮੋਕੋਕਲ ਕੌਨਜੁਗੇਟ (ਪੀਸੀਵੀ 20) ਵੈਕਸੀਨ
## Pneumococcal conjugate (PCV 20) vaccine

**ਆਪਣੇ ਬੱਚੇ ਨੂੰ ਸੁਰੱਖਿਅਤ ਰੱਖੋ।**
**ਸਾਰੀਆਂ ਵੈਕਸੀਨਾਂ ਸਮੇਂ ਸਿਰ ਪ੍ਰਾਪਤ ਕਰੋ।**

ਸਮੇਂ ਸਿਰ ਸਾਰੀਆਂ ਵੈਕਸੀਨਾਂ ਪ੍ਰਾਪਤ ਕਰਕੇ, ਤੁਹਾਡੇ ਬੱਚੇ ਨੂੰ ਉਨ੍ਹਾਂ ਦੇ ਜੀਵਨ ਕਾਲ ਦੌਰਾਨ ਬਹੁਤ ਸਾਰੀਆਂ ਬਿਮਾਰੀਆਂ ਤੋਂ ਸੁਰੱਖਿਅਤ ਰੱਖਿਆ ਜਾ ਸਕਦਾ ਹੈ।

ਟੀਕਾਕਰਨ ਨੇ ਪਿਛਲੇ 50 ਸਾਲਾਂ ਵਿੱਚ ਕੈਨੇਡਾ ਵਿੱਚ ਹੋਰ ਕਿਸੇ ਵੀ ਸਿਹਤ ਉਪਾਅ ਨਾਲੋਂ ਵਧੇਰੇ ਜਾਨਾਂ ਬਚਾਈਆਂ ਹਨ।

### ਪੀਸੀਵੀ 20 ਵੈਕਸੀਨ ਕੀ ਹੈ?

ਪੀਸੀਵੀ 20 ਵੈਕਸੀਨ 20 ਕਿਸਮਾਂ ਦੇ ਨਿਊਮੋਕੋਕਲ ਬੈਕਟੀਰੀਆ ਤੋਂ ਬਚਾਉਂਦੀ ਹੈ। ਵੈਕਸੀਨ ਹੈਲਥ ਕੈਨੇਡਾ ਦੁਆਰਾ ਮਾਨਤਾ ਪ੍ਰਾਪਤ ਹੈ।

ਵੈਕਸੀਨ ਤੁਹਾਡੇ ਬੱਚੇ ਦੇ ਰੁਟੀਨ ਟੀਕਾਕਰਣਾਂ ਦੇ ਹਿੱਸੇ ਵਜੋਂ ਮੁਫ਼ਤ ਹੈ। ਇਹ ਉਹਨਾਂ ਲੋਕਾਂ ਲਈ ਵੀ ਮੁਫ਼ਤ ਹੈ ਜਿਨ੍ਹਾਂ ਨੂੰ ਨਿਊਮੋਕੋਕਲ ਇਨਫੈਕਸ਼ਨ ਤੋਂ ਬਿਮਾਰ ਹੋਣ ਦਾ ਉੱਚ ਜੋਖਮ ਹੁੰਦਾ ਹੈ। ਅਪਾਇੰਟਮੈਂਟ ਲੈਣ ਲਈ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ।

### ਵੈਕਸੀਨ ਕਿਸਨੂੰ ਲਗਵਾਉਣੀ ਚਾਹੀਦੀ ਹੈ?

ਬੱਚੇ 2, 4 ਅਤੇ 12 ਮਹੀਨਿਆਂ ਦੀ ਉਮਰ 'ਤੇ 3 ਖੁਰਾਕਾਂ ਦੀ ਲੜੀ ਦੇ ਰੂਪ ਵਿੱਚ ਵੈਕਸੀਨ ਪ੍ਰਾਪਤ ਕਰਦੇ ਹਨ। ਕੁਝ ਖਾਸ ਸਿਹਤ ਸਮੱਸਿਆਵਾਂ ਵਾਲੇ ਬੱਚਿਆਂ ਨੂੰ 6 ਮਹੀਨੇ ਦੀ ਉਮਰ ਵਿੱਚ ਵੈਕਸੀਨ ਦੀ ਵਾਧੂ ਖੁਰਾਕ ਦੇਣੀ ਚਾਹੀਦੀ ਹੈ।

ਇਸ ਵੈਕਸੀਨ ਦੀ ਇਹਨਾਂ ਲਈ ਵੀ ਸਿਫ਼ਾਰਸ਼ ਕੀਤੀ ਜਾਂਦੀ ਹੈ:

- 65 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਬਾਲਗਾਂ ਲਈ
- ਲੌਂਗ ਟਰਮ ਕੇਅਰ ਅਤੇ ਸਹਾਇਤਾ ਪ੍ਰਾਪਤ ਰਿਹਾਇਸ਼ੀ ਸਹੂਲਤਾਂ ਦੇ ਨਿਵਾਸੀਆਂ ਲਈ

ਹੇਠ ਲਿਖਿਆਂ ਵਿੱਚੋਂ ਕਿਸੇ ਵੀ ਸਮੱਸਿਆ ਵਾਲੇ ਲੋਕ:

- ਤਿੱਲੀ ਨਾ ਹੋਣਾ ਜਾਂ ਅਜਿਹੀ ਤਿੱਲੀ ਹੋਣਾ ਜੋ ਸਹੀ ਢੰਗ ਨਾਲ ਕੰਮ ਨਹੀਂ ਕਰ ਰਹੀ ਹੈ
- ਸਿਕਲ-ਸੈੱਲ ਬੀਮਾਰੀ
- ਇਮਿਊਨ ਸਿਸਟਮ ਜੋ ਬਿਮਾਰੀ ਜਾਂ ਡਾਕਟਰੀ ਇਲਾਜ ਦੁਆਰਾ ਕਮਜ਼ੋਰ ਹੋ ਗਿਆ ਹੈ
- ਗੰਭੀਰ ਜਿਗਰ ਦੀ ਬਿਮਾਰੀ, ਜਿਸ ਵਿੱਚ ਸਿਰੋਸਿਸ ਅਤੇ ਪੁਰਾਣੀ ਹੈਪੇਟਾਈਟਸ ਬੀ ਸ਼ਾਮਲ ਹੈ
- ਹੈਪੇਟਾਈਟਸ ਸੀ, ਜਿਸ ਵਿੱਚ ਉਹ ਲੋਕ ਵੀ ਸ਼ਾਮਲ ਹਨ ਜਿਨ੍ਹਾਂ ਨੂੰ ਪਹਿਲਾਂ ਇਹ ਸੀ।
- ਗੁਰਦਿਆਂ, ਦਿਲ ਜਾਂ ਫੇਫੜਿਆਂ ਦੀ ਚਿਰਕਾਲੀ ਬਿਮਾਰੀ
- ਆਈਲੇਟ (islet) ਸੈੱਲ ਜਾਂ ਠੋਸ ਅੰਗ ਟ੍ਰਾਂਸਪਲਾਂਟ, ਜਾਂ ਕੋਕਲੀਅਰ (ਇੰਨਰ ਈਅਰ) ਇੰਮਪਲਾਂਟ, ਜਾਂ ਉਸ ਦੀ ਉਡੀਕ ਕਰ ਰਹੇ ਹਨ
- ਸਟੈਮ ਸੈੱਲ ਟ੍ਰਾਂਸਪਲਾਂਟ ਜਾਂ ਕਾਈਮੇਰਿਕ ਐਂਟੀਜੇਨ ਰੀਸੈਪਟਰ ਟੀ-ਸੈੱਲ ਥੈਰੇਪੀ ਕਰਵਾਈ ਸੀ
- ਚਿਰਕਾਲੀ ਤੰਤੂ-ਵਿਗਿਆਨਕ ਸਥਿਤੀ ਜੋ ਮੂੰਹ ਜਾਂ ਗਲੇ ਵਿੱਚੋਂ ਤਰਲ ਪਦਾਰਥਾਂ ਨੂੰ ਸਾਫ਼ ਕਰਨਾ ਮੁਸ਼ਕਲ ਬਣਾਉਂਦੀ ਹੈ
- ਡਾਇਬੀਟੀਜ਼, ਸਿਸਟਿਕ ਫਾਈਬਰੋਸਿਸ ਜਾਂ ਚਿਰਕਾਲੀ ਸੇਰੇਬ੍ਰੋਸਪਾਈਨਲ ਫਲੂਇਡ ਲੀਕ
- ਬੇਘਰ ਹੋਣਾ ਜਾਂ ਠੀਕ ਘਰ ਨਾ ਹੋਣਾ ਅਨੁਭਵ ਕਰ ਰਹੇ ਹੋ
- ਨਸ਼ੀਲੇ ਪਦਾਰਥਾਂ ਦੀ ਵਰਤੋਂ ਸੰਬੰਧੀ ਵਿਕਾਰ (ਸ਼ਰਾਬ, ਕੋਕੀਨ, ਟੀਕੇ ਨਾਲ ਨਸ਼ੀਲੇ ਪਦਾਰਥਾਂ ਦੀ ਵਰਤੋਂ)

ਉਹ ਲੋਕ ਜੋ ਮੁਫ਼ਤ ਵੈਕਸੀਨ ਲਈ ਯੋਗ ਨਹੀਂ ਹਨ ਪਰ ਸੁਰੱਖਿਅਤ ਰਹਿਣਾ ਚਾਹੁੰਦੇ ਹਨ, ਉਹ ਜ਼ਿਆਦਾਤਰ ਫਾਰਮੇਸੀਆਂ ਅਤੇ ਯਾਤਰਾ ਕਲੀਨਿਕਾਂ ਤੋਂ ਵੈਕਸੀਨ ਖਰੀਦ ਸਕਦੇ ਹਨ। ਬੀਮਾਰੀਆਂ ਤੋਂ ਬਚਾਉਣ ਲਈ ਲਗਾਏ ਗਏ ਸਾਰੇ ਟੀਕਿਆਂ ਦਾ ਰਿਕਾਰਡ ਰੱਖਣਾ ਮਹੱਤਵਪੂਰਨ ਹੈ।

### ਵੈਕਸੀਨ ਦੇ ਕੀ ਫਾਇਦੇ ਹਨ?

ਵੈਕਸੀਨ ਨਿਊਮੋਕੋਕਲ ਲਾਗ, ਇੱਕ ਗੰਭੀਰ ਅਤੇ ਕਈ ਵਾਰ ਘਾਤਕ ਬਿਮਾਰੀ, ਵਿਰੁੱਧ ਰੱਖਿਆ ਕਰਦੀ ਹੈ। ਜਦੋਂ ਤੁਸੀਂ ਆਪਣਾ ਟੀਕਾਕਰਨ ਕਰਵਾਉਂਦੇ ਹੋ, ਤਾਂ ਤੁਸੀਂ ਦੂਜਿਆਂ ਦੀ ਸੁਰੱਖਿਆ ਵਿੱਚ ਵੀ ਮਦਦ ਕਰਦੇ ਹੋ।

### ਵੈਕਸੀਨ ਦੇ ਬਾਅਦ ਦੀਆਂ ਸੰਭਾਵੀ ਪ੍ਰਤੀਕਿਰਿਆਵਾਂ ਕੀ ਹਨ?

ਵੈਕਸੀਨਾਂ ਬਹੁਤ ਸੁਰੱਖਿਅਤ ਹੁੰਦੀਆਂ ਹਨ। ਵੈਕਸੀਨ ਲਗਵਾਉਣਾ ਨਿਊਮੋਕੋਕਲ ਬੀਮਾਰੀ ਦਾ ਸ਼ਿਕਾਰ ਹੋਣ ਤੋਂ ਜਿਆਦਾ ਸੁਰੱਖਿਅਤ ਹੈ।

ਵੈਕਸੀਨ ਪ੍ਰਤੀ ਆਮ ਪ੍ਰਤੀਕਿਰਿਆਵਾਂ ਵਿੱਚ ਵੈਕਸੀਨ ਲਗਾਈ ਜਾਣ ਵਾਲੀ ਥਾਂ 'ਤੇ ਦਰਦ, ਲਾਲੀ ਅਤੇ ਸੋਜ ਸ਼ਾਮਲ ਹੈ। ਕੁਝ ਲੋਕਾਂ ਨੂੰ ਬੁਖਾਰ, ਸਿਰ ਦਰਦ, ਮਾਸਪੇਸ਼ੀਆਂ ਜਾਂ ਜੋੜਾਂ ਵਿੱਚ ਦਰਦ, ਅਤੇ ਥਕਾਵਟ ਹੋ ਸਕਦੀ ਹੈ। ਨਿਆਣਿਆਂ ਅਤੇ ਛੋਟੇ ਬੱਚਿਆਂ ਨੂੰ ਭੁੱਖ ਨਾ ਲੱਗਣਾ, ਉਨ੍ਹਾਂ ਦੇ ਨੀਂਦ ਦੇ ਢੰਗਾਂ ਵਿੱਚ ਬਦਲਾਅ, ਚਿੜਚਿੜਾਪਨ, ਉਲਟੀਆਂ, ਦਸਤ ਜਾਂ ਧੱਫੜ ਹੋ ਸਕਦੇ ਹਨ। ਇਹ ਪ੍ਰਤੀਕਿਰਿਆਵਾਂ ਹਲਕੀਆਂ ਹੁੰਦੀਆਂ ਹਨ ਅਤੇ ਆਮ ਤੌਰ 'ਤੇ 1 ਤੋਂ 2 ਦਿਨਾਂ ਵਿੱਚ ਠੀਕ ਹੋ ਜਾਂਦੀਆਂ ਹਨ।

ਅਸੀਟਾਮੇਨੋਫੇਨ (acetaminophen) (ਉਦਾਹਰਣ ਲਈ ਟਾਇਲੇਨੌਲ (Tylenol®)) ਜਾਂ ਆਈਬਿਊਪ੍ਰੋਫੇਨ (ਬ੍ਰਿਪਰੋਡਇਨ*) (ਉਦਾਹਰਣ ਲਈ ਐਡਵਿਲ (Advil®)) ਬੁਖਾਰ ਜਾਂ ਜਲਨ ਲਈ ਦਿੱਤੀ ਜਾ ਸਕਦੀ ਹੈ। ਰੇ ਸਿੰਡਰੋਮ ਦੇ ਖਤਰੇ ਕਰਕੇ 18 ਸਾਲਾਂ ਤੋਂ ਘੱਟ ਉਮਰ ਦੇ ਕਿਸੇ ਵਿਅਕਤੀ ਨੂੰ ਏਐਸਏ (ASA) (ਉਦਹਾਰਣ ਲਈ ਐਸਪਰੀਨ (Aspirin®)) ਨਹੀਂ ਦਿੱਤੀ ਜਾਣੀ ਚਾਹੀਦੀ।

*ਤੁਹਾਡੇ ਸਿਹਤ ਸੰਭਾਲ ਪ੍ਰਦਾਤਾ ਨਾਲ ਪਹਿਲਾਂ ਗੱਲ ਕੀਤੇ ਬਿਨਾਂ 6 ਮਹੀਨਿਆਂ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਆਈਬਿਊਪਰੋਫ਼ੈਨ ਨਹੀਂ ਦਿੱਤੀ ਜਾਣੀ ਚਾਹੀਦੀ।

ਰੇਏ ਸਿੰਡਰੋਮ ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ HealthLinkBC File #84 ਰੇਏ ਸਿੰਡਰੋਮ 'ਤੇ ਜਾਓ।

ਕੋਈ ਵੀ ਵੈਕਸੀਨ ਲਗਵਾਉਣ ਤੋਂ ਬਾਅਦ 15 ਮਿੰਟ ਤੱਕ ਕਲੀਨਿਕ ਵਿੱਚ ਰਹਿਣਾ ਜ਼ਰੂਰੀ ਹੈ। ਐਨਾਫਲਾਕਸਿਸ ਨਾਮ ਦੀ ਜੀਵਨ ਨੂੰ ਖਤਰੇ ਵਿੱਚ ਪਾਉਣ ਵਾਲੀ ਅਲਰਜਿਕ ਪ੍ਰਤੀਕ੍ਰਿਆ ਦੀ ਅਤਿ ਵਿਰਲੀ ਸੰਭਾਵਨਾ ਹੋ ਸਕਦੀ ਹੈ। ਵੈਕਸੀਨ ਲੈਣ ਵਾਲੇ ਮਿਲੀਅਨ ਲੋਕਾਂ ਵਿੱਚੋਂ 1 ਤੋਂ ਵੀ ਘੱਟ ਲੋਕਾਂ ਵਿੱਚ ਅਜਿਹਾ ਹੁੰਦਾ ਹੈ। ਲੱਛਣਾਂ ਵਿੱਚ ਛਪਾਕੀ, ਸਾਹ ਲੈਣ ਵਿੱਚ ਤਕਲੀਫ, ਜਾਂ ਗਲੇ, ਜੀਭ ਜਾਂ ਬੁਲਾਂ ਦੀ ਸੋਜ ਸ਼ਾਮਲ ਹੋ ਸਕਦੇ ਹਨ। ਜੇਕਰ ਇਹ ਪ੍ਰਤੀਕਿਰਿਆ ਹੁੰਦੀ ਹੈ, ਤਾਂ ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਉਸਦਾ ਇਲਾਜ ਕਰਨ ਲਈ ਤਿਆਰ ਹੈ। ਐਮਰਜੈਂਸੀ ਇਲਾਜ ਵਿੱਚ ਏਪੀਨੇਫ੍ਰਿਨ (ਐਡਰੇਨਲਿਨ) ਦਿੱਤੇ ਜਾਣਾ ਅਤੇ ਐਂਬੂਲੈਂਸ ਦੁਆਰਾ ਨਜ਼ਦੀਕੀ ਐਮਰਜੈਂਸੀ ਵਿਭਾਗ ਵਿੱਚ ਟ੍ਰਾਂਸਫਰ ਕਰਨਾ ਸ਼ਾਮਲ ਹੈ। ਜੇਕਰ ਤੁਹਾਡੇ ਕਲੀਨਿਕ ਤੋਂ ਜਾਣ ਤੋਂ ਬਾਅਦ ਲੱਛਣ ਪੈਦਾ ਹੁੰਦੇ ਹਨ, ਤਾਂ **9-1-1** 'ਤੇ ਜਾਂ ਸਥਾਨਕ ਐਮਰਜੈਂਸੀ ਨੰਬਰ 'ਤੇ ਕਾਲ ਕਰੋ।

ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਹਮੇਸ਼ਾ ਗੰਭੀਰ ਜਾਂ ਅਚਾਨਕ ਹੋਣ ਵਾਲੀਆਂ ਪ੍ਰਤੀਕਿਰਿਆਵਾਂ ਦੀ ਰਿਪੋਰਟ ਕਰੋ।

## ਕਿਸਨੂੰ ਵੈਕਸੀਨ ਨਹੀਂ ਲਗਵਾਉਣੀ ਚਾਹੀਦੀ?

ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ ਜੇਕਰ ਤੁਹਾਨੂੰ ਜਾਂ ਤੁਹਾਡੇ ਬੱਚੇ ਨੂੰ ਨਿਊਮੋਕੋਕਲ ਵੈਕਸੀਨ ਦੀ ਪਿਛਲੀ ਖੁਰਾਕ ਜਾਂ ਵੈਕਸੀਨ ਦੇ ਕਿਸੇ ਵੀ ਹਿੱਸੇ ਲਈ ਜਾਨਲੇਵਾ ਪ੍ਰਤੀਕਿਰਿਆ ਹੋਈ ਹੈ।

ਜ਼ੁਕਾਮ ਜਾਂ ਹੋਰ ਹਲਕੀ ਬਿਮਾਰੀ ਦੇ ਕਾਰਨ ਟੀਕਾਕਰਨ ਕਰਵਾਉਣ ਵਿੱਚ ਦੇਰੀ ਕਰਨ ਦੀ ਕੋਈ ਲੋੜ ਨਹੀਂ ਹੈ। ਪਰ, ਜੇ ਤੁਹਾਨੂੰ ਕੋਈ ਚਿੰਤਾਵਾਂ ਹਨ, ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ।

## ਨਿਊਮੋਕੋਕਲ ਲਾਗ ਕੀ ਹੈ?

ਨਿਊਮੋਕੋਕਲ ਲਾਗ *ਸਟ੍ਰੈਪਟੋਕੋਕਸ ਨਿਮੂਨੀਏ* ਬੈਕਟੀਰੀਆ ਕਾਰਨ ਹੁੰਦੀ ਹੈ। ਬੈਕਟੀਰੀਆ ਦਿਮਾਗ ਨੂੰ ਢੱਕਣ ਵਾਲੀ ਪਰਤ ਦੀ ਲਾਗ (ਮੈਨਿਨਜਾਈਟਿਸ), ਖੂਨ ਦੀ ਲਾਗ (ਸੈਪਟੀਸੀਮੀਆ) ਅਤੇ ਫੇਫੜਿਆਂ ਦੀ ਲਾਗ (ਨਮੂਨੀਆ) ਦੇ ਗੰਭੀਰ ਅਤੇ ਜਾਨਲੇਵਾ ਸੰਕਰਮਣ ਦਾ ਕਾਰਨ ਬਣ ਸਕਦਾ ਹੈ। ਮੈਨਿਨਜਾਈਟਿਸ ਦੀਆਂ ਸਥਾਈ ਜਟਿਲਤਾਵਾਂ ਵਿੱਚ ਦਿਮਾਗ ਨੂੰ ਨੁਕਸਾਨ ਅਤੇ ਬੋਲ਼ਾਪਣ ਸ਼ਾਮਲ ਹੈ। ਨਿਊਮੋਕੋਕਲ ਮੈਨਿਨਜਾਈਟਿਸ ਦੇ ਹਰ 20 ਕੇਸਾਂ ਲਈ, 5 ਲੋਕਾਂ ਤੱਕ ਦੀ ਮੌਤ ਹੋਵੇਗੀ।

ਨਿਊਮੋਕੋਕਲ ਲਾਗ ਖੰਘਣ, ਛਿੱਕਣ ਜਾਂ ਇੱਕ ਵਿਅਕਤੀ ਤੋਂ ਦੂਜੇ ਵਿਅਕਤੀ ਵਿੱਚ ਆਹਮੋ-ਸਾਹਮਣੇ ਦੇ ਨਜ਼ਦੀਕੀ ਸੰਪਰਕ ਦੁਆਰਾ ਫੈਲਦੀ ਹੈ। ਇਹ ਥੁੱਕ ਰਾਹੀਂ ਵੀ ਫੈਲ ਸਕਦੀ ਹੈ। ਉਦਾਹਰਣ ਵਜੋਂ, ਚੁੰਮਣ ਨਾਲ ਜਾਂ ਖਾਣਾ, ਪੀਣ ਵਾਲੇ ਪਦਾਰਥ ਜਾਂ ਸਿਗਰਟ ਸਾਂਝੀ ਕਰਕੇ। ਨਿਆਣੇ ਅਤੇ ਛੋਟੇ ਬੱਚੇ ਦੂਜੇ ਬੱਚਿਆਂ ਦੇ ਨਾਲ ਸੁਦਰ, ਬੋਤਲਾਂ ਜਾਂ ਖਿਡੌਣਿਆਂ ਨੂੰ ਸਾਂਝਾ ਕਰਨ ਦੁਆਰਾ ਬਿਮਾਰ ਹੋ ਸਕਦੇ ਹਨ।

ਬਚਪਨ ਦੇ ਨਿਯਮਤ ਟੀਕਾਕਰਨ ਪ੍ਰੋਗਰਾਮਾਂ ਦੇ ਕਾਰਨ ਬੀਸੀ ਵਿੱਚ ਬੱਚਿਆਂ ਵਿੱਚ ਨਿਊਮੋਕੋਕਲ ਬਿਮਾਰੀ ਬਹੁਤ ਘੱਟ ਹੁੰਦੀ ਹੈ।

## ਸਿਆਣੇ ਨਾਬਾਲਗਾਂ ਦੀ ਸਹਿਮਤੀ

ਸਿਫ਼ਾਰਸ਼ ਕੀਤੀ ਜਾਂਦੀ ਹੈ ਕਿ ਮਾਤਾ-ਪਿਤਾ ਜਾਂ ਸਰਪ੍ਰਸਤ ਅਤੇ ਉਨ੍ਹਾਂ ਦੇ ਬੱਚੇ ਟੀਕਾਕਰਨ (ਇਮਿਊਨਾਈਜ਼ੇਸ਼ਨ) ਲਈ ਸਹਿਮਤੀ ਬਾਰੇ ਚਰਚਾ ਕਰਨ। 19 ਸਾਲ ਤੋਂ ਘੱਟ ਉਮਰ ਦੇ ਉਹ ਬੱਚੇ ਜਿਹੜੇ ਹਰ ਵੈਕਸੀਨ ਦੇ ਲਾਭ ਅਤੇ ਸੰਭਵ ਪ੍ਰਤੀਕਿਰਿਆਵਾਂ ਅਤੇ ਇਮਿਊਨਾਈਜ਼ੇਸ਼ਨ ਨਾ ਕਰਵਾਉਣ ਦੇ ਜੋਖਮ ਸਮਝਣ ਦੇ ਕਾਬਲ ਹੋਣ, ਕਾਨੂੰਨੀ ਤੌਰ ਤੇ ਇਮਿਊਨਾਈਜ਼ੇਸ਼ਨ ਲਈ ਸਹਿਮਤ ਹੋ ਸਕਦੇ ਜਾਂ ਉਸ ਲਈ ਇਨਕਾਰ ਕਰ ਸਕਦੇ ਹਨ। ਸਿਆਣੇ ਨਾਬਾਲਗਾਂ ਦੀ ਸਹਿਮਤੀ ਬਾਰੇ ਹੋਰ ਜਾਣਕਾਰੀ ਵਾਸਤੇ HealthLinkBC File #119 ਦ ਇੰਨਫੈਂਟਸ ਐਕਟ, ਸਿਆਣੇ ਨਾਬਾਲਗਾਂ ਦੀ ਸਹਿਮਤੀ ਅਤੇ ਇਮਿਊਨਾਈਜ਼ੇਸ਼ਨ 'ਤੇ ਜਾਓ।

BC Centre for Disease Control
Provincial Health Services Authority